futuretopper.in

Series SRQPE/C

SET~2

Q.P. Code 40/6/2

Roll No. | | | | | | | | |

Candidates must write the Q.P. Code on the title page of the answer-book.

	ਨੋਟ		NOTE
(I)	ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।	(I)	*Please check that this question paper contains **7** printed pages.*
(II)	ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।	(II)	*Q.P. Code given on the right hand side of the question paper should be written on the title page of the answer-book by the candidate.*
(III)	ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **14** ਪ੍ਰਸ਼ਨ ਹਨ ।	(III)	*Please check that this question paper contains **14** questions.*
(IV)	***ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।***	(IV)	***Please write down the serial number of the question in the answer-book before attempting it.***
(V)	ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।	(V)	*15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.*

ਗਣਿਤ (ਮਾਨਕ)

(ਪੰਜਾਬੀ ਉਲਥਾ)

MATHEMATICS (STANDARD)

(Punjabi Version)

ਸਮਾਂ ਸੀਮਾਂ : 2 ਘੰਟੇ | ਪੂਰਨ ਅੰਕ : 40

Time allowed : 2 hours | *Maximum Marks : 40*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

ਵਿਆਪਕ ਨਿਰਦੇਸ਼ :

ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :

(i) *ਇਸ ਪ੍ਰਸ਼ਨ ਪੱਤਰ ਵਿਚ ਕੁੱਲ* ***14*** *ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

(ii) *ਇਹ ਪ੍ਰਸ਼ਨ ਪੱਤਰ **ਤਿੰਨ** ਖੰਡਾਂ ਵਿਚ ਵੰਡਿਆ ਗਿਆ ਹੈ – **ਖੰਡ ਕ, ਖ** ਅਤੇ **ਗ** ।*

(iii) ***ਖੰਡ ਕ** ਵਿਚ* ***6*** *ਪ੍ਰਸ਼ਨ (ਪ੍ਰ.ਸੰ.* ***1*** *ਤੋਂ* ***6*** *) ਹਨ, ਜਿਨ੍ਹਾਂ ਵਿਚ ਹਰ ਇਕ ਪ੍ਰਸ਼ਨ* ***2*** *ਅੰਕ ਦਾ ਹੈ । **ਦੋ** ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤਾ ਗਿਆ ਹੈ ।*

(iv) ***ਖੰਡ ਖ** ਵਿਚ* ***4*** *ਪ੍ਰਸ਼ਨ (ਪ੍ਰ.ਸੰ.* ***7*** *ਤੋਂ* ***10*** *) ਹਨ, ਜਿਨ੍ਹਾਂ ਵਿਚ ਹਰ ਇਕ ਪ੍ਰਸ਼ਨ* ***3*** *ਅੰਕ ਦਾ ਹੈ । **ਇਕ** ਪ੍ਰਸ਼ਨ ਵਿਚ ਅੰਦਰੂਨੀ ਵਿਕਲਪ ਦਿਤਾ ਗਿਆ ਹੈ ।*

(v) ***ਖੰਡ ਗ** ਵਿਚ* ***4*** *ਪ੍ਰਸ਼ਨ (ਪ੍ਰ.ਸੰ.* ***11*** *ਤੋਂ* ***14*** *) ਹਨ, ਜਿਨ੍ਹਾਂ ਵਿਚ ਹਰ ਇਕ ਪ੍ਰਸ਼ਨ* ***4*** *ਅੰਕ ਦਾ ਹੈ । **ਇਕ** ਪ੍ਰਸ਼ਨ ਵਿਚ ਅੰਦਰੂਨੀ ਵਿਕਲਪ ਦਿਤਾ ਗਿਆ ਹੈ । ਇਸ ਖੰਡ ਵਿਚ ਦੋ ਪ੍ਰਕਰਣ ਅਧਿਐਨ ਅਧਾਰਿਤ ਪ੍ਰਸ਼ਨ ਵੀ ਸ਼ਾਮਿਲ ਹਨ ।*

(vi) *ਕੈਲਕੁਲੇਟਰ ਦੀ ਵਰਤੋਂ ਦੀ ਇਜ਼ਾਜ਼ਤ **ਨਹੀਂ** ਹੈ ।*

ਖੰਡ ਕ

ਪ੍ਰਸ਼ਨ ਸੰਖਿਆ ***1*** *ਤੋਂ* ***6*** *ਤਕ ਹਰ ਇਕ ਪ੍ਰਸ਼ਨ ਦੇ* ***2*** *ਅੰਕ ਹਨ ।*

1. (a) ਅੰਕਗਣਿਤਿਕ ਲੜੀ : $12x, 10x, 8x, ..., -2x$ ਵਿਚ ਕੁਲ ਕਿਤਨੇ ਪਦ ਹਨ ? *2*

ਜਾਂ

(b) 2 ਅਤੇ 100 ਦੇ ਦਰਮਿਆਨ 3 ਨਾਲ ਭਾਗ ਹੋਣ ਵਾਲੇ ਸਾਰੇ ਪੂਰਣਾਂਕਾਂ ਦੀ ਗਿਣਤੀ ਪਤਾ ਕਰੋ । *2*

2. (a) 'k' ਦੇ ਉਹ ਮਾਨ ਪਤਾ ਕਰੋ ਜਿਨ੍ਹਾਂ ਦੇ ਲਈ ਦੋਘਾਤੀ ਸਮੀਕਰਣ $kx^2 - 5x + k = 0$ ਦੇ ਵਾਸਤਵਿਕ ਅਤੇ ਸਮਾਨ (ਬਰਾਬਰ) ਮੂਲ ਹੋਣ । *2*

ਜਾਂ

(b) y ਦੇ ਲਈ ਹਲ ਕਰੋ : *2*

$$y^2 + \frac{3\sqrt{5}}{2}y - 5 = 0$$

Official CBSE question paper from cbse.gov.in | futuretopper.in
futuretopper.in is not linked to or endorsed by CBSE

3. ਚਿੱਤਰ 1 ਵਿਚ, O ਚੱਕਰ ਦਾ ਕੇਂਦਰ ਹੈ । PQ ਅਤੇ PR ਸਪਰਸ ਰੇਖਾਖੰਡ ਹਨ । ਸਿੱਧ ਕਰੋ ਕਿ ਚਤੁਰਭੁਜ PQOR ਇਕ ਚੱਕਰੀ ਚਤੁਰਭੁਜ ਹੈ । *2*



ਚਿੱਤਰ 1

4. ਜੇਕਰ ਹੇਠ ਲਿਖੇ ਅੰਕੜਿਆਂ ਦਾ ਬਹੁਲਕ (mode) 240 ਹੈ, ਤਾਂ ਲੁਪਤ ਬਾਰੰਬਾਰਤਾ 'x' ਪਤਾ ਕਰੋ : *2*

ਰੋਜ਼ਾਨਾਂ ਘਰੇਲੂ ਖਰਚ (₹ ਵਿਚ)	*ਪਰਿਵਾਰਾਂ ਦੀ ਗਿਣਤੀ*
0 – 100	140
100 – 200	230
200 – 300	270
300 – 400	x
400 – 500	150

5. ਹੇਠ ਲਿਖੀ ਸੰਚਈ ਬਾਰੰਬਾਰਤਾ ਸਾਰਨੀ ਵਿਚ, a, b, c ਅਤੇ d ਦੇ ਮਾਨ ਪਤਾ ਕਰੋ । *2*

ਵਰਗ	0 – 10	10 – 20	20 – 30	30 – 40	40 – 50
ਬਾਰੰਬਾਰਤਾ	5	7	a	5	b
ਸੰਚਈ ਬਾਰੰਬਾਰਤਾ	5	c	18	d	30

6. ਅੰਕਗਣਿਤਿਕ ਲੜੀ : 5, 15, 25, ... ਦਾ ਕਿਤਨਵਾਂ ਪਦ, ਇਸਦੇ 31ਵੇਂ ਪਦ ਤੋਂ 130 ਜ਼ਿਆਦਾ ਹੈ ? *2*

Official CBSE question paper from cbse.gov.in | futuretopper.in
futuretopper.in is not linked to or endorsed by CBSE

ਖੰਡ ਖ

ਪ੍ਰਸ਼ਨ ਸੰਖਿਆ ***7*** *ਤੋਂ* ***10*** *ਤਕ ਹਰ ਇਕ ਪ੍ਰਸ਼ਨ ਦੇ* ***3*** *ਅੰਕ ਹਨ ।*

7. (a) ਇਕ ਠੋਸ ਲੰਬੇ-ਚੱਕਰੀ ਸਿਲੰਡਰ (ਬੇਲਨ) ਦੇ ਆਧਾਰ ਦੇ ਅਰਧਵਿਆਸ ਅਤੇ ਉਚਾਈ ਦਾ ਅਨੁਪਾਤ 2 : 3 ਹੈ ਅਤੇ ਉਸਦਾ ਆਇਤਨ 1617 ਘਣ ਸੈ.ਮੀ. ਹੈ । ਬੇਲਨ ਦਾ ਕੁਲ ਸਤਹੀ ਖੇਤਰਫਲ ਪਤਾ ਕਰੋ । ($\pi = \frac{22}{7}$ ਲਵੋ) *3*

ਜਾਂ

(b) 10·5 ਸੈ.ਮੀ. ਅਰਧਵਿਆਸ ਵਾਲੇ ਧਾਤ ਦੇ ਇਕ ਠੋਸ ਗੋਲੇ ਨੂੰ ਪਿੰਘਲਾਕੇ 3·5 ਸੈ.ਮੀ. ਅਰਧਵਿਆਸ ਦੇ ਅਤੇ 3 ਸੈ.ਮੀ. ਉਚਾਈ ਦੇ ਛੋਟੇ ਠੋਸ ਸ਼ੰਕੂਆਂ (cones) ਵਿਚ ਢਾਲਿਆ ਗਿਆ । ਇਸ ਤਰਾਂ ਬਣੇ ਸ਼ੰਕੂਆਂ ਦੀ ਗਿਣਤੀ ਪਤਾ ਕਰੋ । *3*

8. ਪਾਣੀ 5 ਕਿ.ਮੀ. ਪ੍ਰਤੀ ਘੰਟੇ ਦੀ ਚਾਲ ਨਾਲ 14 ਸੈ.ਮੀ. ਵਿਆਸ ਦੇ ਇਕ ਪਾਈਪ ਦੇ ਜ਼ਰੀਏ ਇਕ ਆਇਤਾਕਾਰ ਟੈਂਕ ਵਿਚ ਜਾ ਰਿਹਾ ਹੈ ਜੋ ਕਿ 50 ਮੀ. ਲੰਬਾ ਅਤੇ 44 ਮੀ. ਚੌੜਾ ਹੈ । ਉਹ ਸਮਾਂ ਪਤਾ ਕਰੋ ਜਿਸ ਵਿਚ ਟੈਂਕ ਦੇ ਵਿਚ ਪਾਣੀ ਦਾ ਸਤਰ 7 ਸੈ.ਮੀ. ਵਧ ਜਾਏਗਾ ? *3*

9. ਸਮਤਲ ਜ਼ਮੀਨ ਉਪਰ ਖੜੀ ਇਕ ਮੀਨਾਰ ਦਾ ਪਰਛਾਵਾਂ ਉਸ ਹਾਲਤ ਵਿਚ 40 ਮੀਟਰ ਜ਼ਿਆਦਾ ਲੰਬਾ ਹੋ ਜਾਂਦਾ ਹੈ ਜਦੋਂ ਸੂਰਜ ਦਾ ਉਚਾਣ ਕੋਣ (altitude) 60° ਤੋਂ ਘਟ ਕੇ 30° ਹੋ ਜਾਂਦਾ ਹੈ । ਮੀਨਾਰ ਦੀ ਉਚਾਈ ਪਤਾ ਕਰੋ । *3*

10. ਅਰਧਵਿਆਸ 3 ਸੈ.ਮੀ. ਅਤੇ 5 ਸੈ.ਮੀ. ਦੇ ਦੋ ਸਮਕੇਂਦਰੀ ਚੱਕਰ ਬਣਾਓ । ਅਰਧਵਿਆਸ 5 ਸੈ.ਮੀ. ਵਾਲੇ ਚੱਕਰ ਦੇ ਇਕ ਬਿੰਦੂ ਤੋਂ ਅਰਧਵਿਆਸ 3 ਸੈ.ਮੀ. ਵਾਲੇ ਚੱਕਰ ਉਪਰ ਸਪਰਸ਼ ਰੇਖਾਵਾਂ ਦੇ ਜੋੜੇ ਦੀ ਰਚਨਾ ਕਰੋ । *3*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

ਖੰਡ ਗ

*ਪ੍ਰਸ਼ਨ ਸੰਖਿਆ **11** ਤੋਂ **14** ਤਕ ਹਰ ਇਕ ਪ੍ਰਸ਼ਨ ਦੇ **4** ਅੰਕ ਹਨ ।*

11. ਧਰਤੀ ਦੇ ਇਕ ਬਿੰਦੂ X ਉਪਰ ਤੋਂ ਇਕ ਸਿਧੀ ਖੜੀ ਮੀਨਾਰ PQ ਦੇ ਸਿਖਰ Q ਦਾ ਉਚਾਣ ਕੋਣ $60°$ ਹੈ । ਬਿੰਦੂ Y, ਜੋ ਠੀਕ X ਦੇ ਉਪਰ 40 ਮੀ. ਦੀ ਉਚਾਈ ਉਪਰ ਹੈ, ਨਾਲ Q ਦਾ ਉਚਾਣ ਕੋਣ $45°$ ਹੈ । ਮੀਨਾਰ PQ ਦੀ ਉਚਾਈ ਅਤੇ ਦੂਰੀ XP ਪਤਾ ਕਰੋ । ($\sqrt{3} = 1{\cdot}732$ ਦੀ ਵਰਤੋਂ ਕਰੋ) *4*

12. (a) ਚਿੱਤਰ 2 ਵਿਚ, ਦੋ ਚੱਕਰ ਇਕ ਬਿੰਦੂ P ਉਪਰ ਇਕ ਦੂਜੇ ਨੂੰ ਬਾਹਰ ਵਲ ਨੂੰ ਛੂੰਹਦੇ ਹਨ । ਉਨ੍ਹਾਂ ਦੋਹਾਂ ਨੂੰ ਇਕ ਸਾਂਝੀ ਸਪਰਸ਼ ਰੇਖਾ A ਅਤੇ B ਉਪਰ ਸਪਰਸ਼ ਕਰਦੀ ਹੈ, ਅਤੇ P ਉਪਰ ਇਕ ਦੂਸਰੀ ਸਾਂਝੀ ਸਪਰਸ਼ ਰੇਖਾ, ਸਪਰਸ਼ ਰੇਖਾ AB ਨੂੰ C ਉਪਰ ਕਟਦੀ ਹੈ । ਸਿੱਧ ਕਰੋ ਕਿ $\angle APB = 90°$ ਹੈ । *4*



ਚਿੱਤਰ 2

ਜਾਂ

(b) ਚਿੱਤਰ 3 ਵਿਚ, PQ ਅਤੇ LM, O ਕੇਂਦਰ ਵਾਲੇ ਕਿਸੇ ਚੱਕਰ ਉਪਰ ਦੋ ਸਮਾਂਤਰ ਸਪਰਸ਼ ਰੇਖਾਵਾਂ ਹਨ । ਸਪਰਸ਼ ਬਿੰਦੂ C ਉਪਰ ਇਕ ਹੋਰ ਸਪਰਸ਼ ਰੇਖਾ AB, PQ ਨੂੰ A ਅਤੇ LM ਨੂੰ B ਉਪਰ ਕਟਦੀ ਹੈ । ਸਿੱਧ ਕਰੋ ਕਿ $\angle AOB = 90°$. *4*



ਚਿੱਤਰ 3

Official CBSE question paper from cbse.gov.in | futuretopper.in
futuretopper.in is not linked to or endorsed by CBSE

ਪ੍ਰਕਰਣ ਅਧਿਐਨ – 1

13. ਸਮਾਜਿਕ ਕੰਮਾਂ ਦਾ ਮਕਸਦ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ । ਸਮਾਜਿਕ ਕੰਮ ਕਰਨ ਵਾਲੀਆਂ ਦਾ ਮਕਸਦ ਉਨ੍ਹਾਂ ਲੋਕਾਂ ਦੇ ਲਈ ਪਹੁੰਚ ਅਤੇ ਮੌਕਿਆਂ ਲਈ ਰਾਹ ਖੋਲ੍ਹਣਾ ਹੈ ਜਿਨ੍ਹਾਂ ਨੂੰ ਸਭ ਤੋਂ ਜ਼ਿਆਦਾ ਜ਼ਰੂਰਤ ਹੈ । ਮੁਫਤ ਸਿਖਿਆ (ਪੜ੍ਹਾਈ ਲਿਖਾਈ) ਇਕ ਮਹਾਨ ਸਮਾਜਿਕ ਕੰਮ ਹੈ । ਅਜੇਹਾ ਕਰਕੇ ਅਸੀਂ ਆਪਣੇ ਸਮਾਜ ਤੋਂ ਨਿਰਅਖਰਤਾ (ਅਨਪੜ੍ਹਤਾ) ਨੂੰ ਦੂਰ ਕਰ ਸਕਦੇ ਹਾਂ ।

ਰੋਹਨ, ਇਕ ਸਮਾਜਿਕ ਕੰਮ ਕਰਨ ਵਾਲਾ ਹੋਣ ਕਰਕੇ, ਇਕ ਸਕੂਲ ਖੋਲ੍ਹਣ ਦੇ ਲਈ ਆਪਣੀ ਜ਼ਮੀਨ ਪਿੰਡ ਦੀ ਪੰਚਾਇਤ ਨੂੰ ਦਾਨ ਕਰਨਾ ਚਾਹੁੰਦਾ ਹੈ ।



ਚਿੱਤਰ 4

ਰੋਹਨ ਦੀ ਜ਼ਮੀਨ 500 ਮੀ. × 400 ਮੀ. ਦੇ ਆਇਤ ਦੇ ਰੂਪ ਵਿਚ ਹੈ । ਪਿੰਡ ਦੀ ਪੰਚਾਇਤ ਘਾਹ ਅਤੇ ਫੁੱਲਾਂ ਦੇ ਲਈ ਜ਼ਮੀਨ ਦੇ ਚਾਰੋਂ ਪਾਸੇ ਦੇ ਕੁਝ ਖੇਤਰ ਨੂੰ ਛੱਡਣ ਦਾ ਫੈਸਲਾ ਕਰਦੀ ਹੈ । ਜੇਕਰ x ਮੀ. ਜ਼ਮੀਨ ਦੀ ਚੌੜਾਈ ਚਾਰਾਂ ਪਾਸੇ ਘਾਹ ਅਤੇ ਫੁੱਲਾਂ ਦੇ ਲਈ ਰੱਖੀ ਜਾਏ (ਜੇਹਾ ਕਿ ਚਿੱਤਰ 4 ਵਿਚ ਦਿਖਾਇਆ ਗਿਆ ਹੈ), ਤਾਂ

(a) PQ ਅਤੇ QR ਦੀਆਂ ਲੰਬਾਈਆਂ ਪਤਾ ਕਰੋ, ਜੇਕਰ PQRS ਦੇ ਚਾਰੋਂ ਪਾਸੇ ਘਾਸ ਅਤੇ ਫੁੱਲਾਂ ਦੇ ਖੇਤਰ ਦਾ ਖੇਤਰਫਲ 118400 ਵਰਗ ਮੀਟਰ ਹੈ । *2*

(b) ਆਇਤ PQRS ਦਾ ਪਰਿਮਾਪ ਵੀ ਪਤਾ ਕਰੋ । *2*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

ਪ੍ਰਕਰਣ ਅਧਿਐਨ – 2

14. ਸਿਹਤ ਬੀਮਾ ਇਕ ਸਮਝੌਤਾ ਹੈ ਜਿਸਦੇ ਅਧੀਨ ਬੀਮਾ ਕੰਪਨੀ ਬੀਮਾਧਾਰਕ ਮਨੁੱਖ ਨੂੰ ਬੀਮਾਰ ਪੈਣ ਤੇ ਜਾਂ ਦੁਰਘਟਨਾ ਦੇ ਕਾਰਨ ਹਸਪਤਾਲ ਵਿਚ ਭਰਤੀ ਹੋਣ ਦੀ ਹਾਲਤ ਵਿਚ ਇਲਾਜ ਖਰਚ ਦੇ ਲਈ ਮੁਆਵਜ਼ੇ ਦੇ ਲਈ ਗਰੰਟੀ ਲੈਣ ਦੇ ਲਈ ਸਹਿਮਤ ਹੁੰਦੀ ਹੈ । ਸਰਕਾਰ ਦੀ ਆਮਦਨ ਕਰ ਵਿਚ ਕਟੋਤੀ ਦੇ ਕੇ ਸਿਹਤ ਬੀਮਾ ਨੂੰ ਉਤਸਾਹਿਤ ਕਰਦੀ ਹੈ ।

SBI ਸਿਹਤ ਬੀਮਾ ਏਜੰਟ ਨੇ 100 ਪਾਲਸੀ ਧਾਰਕਾਂ ਦੀ ਉਮਰ ਦੀ ਵੰਡ ਦੇ ਲਈ ਹੇਠ ਲਿਖੇ ਅੰਕੜੇ ਇਕੱਠੇ ਕੀਤੇ । ਸਿਹਤ ਬੀਮਾ ਨੀਤੀਆਂ (ਪਾਲਸੀਆਂ) 15 ਸਾਲ ਜਾਂ 15 ਸਾਲ ਵਧੀਕ ਪਰ 60 ਸਾਲ ਤੋਂ ਘਟ ਉਮਰ ਵਾਲੇ ਮਨੁੱਖਾਂ ਨੂੰ ਹੀ ਦਿਤੀਆਂ ਜਾਂਦੀਆਂ ਹਨ ।

ਉਮਰ (ਸਾਲਾਂ ਵਿਚ)	*ਪਾਲਿਸੀ ਧਾਰਕਾਂ ਦੀ ਗਿਣਤੀ*
15 – 20	2
20 – 25	4
25 – 30	18
30 – 35	21
35 – 40	33
40 – 45	11
45 – 50	3
50 – 55	6
55 – 60	2

(a) ਪਾਲਿਸੀ ਧਾਰਕਾਂ ਦੀ ਬਹੁਲਕ ਉਮਰ ਪਤਾ ਕਰੋ । *2*

(b) ਪਾਲਿਸੀ ਧਾਰਕਾਂ ਦੀ ਮਾਧਿਅਕਾ (median) ਉਮਰ ਪਤਾ ਕਰੋ । *2*

Official CBSE question paper from cbse.gov.in | futuretopper.in
futuretopper.in is not linked to or endorsed by CBSE